# ** ਸਿੱਖ ਦੇ ਘਰਾਂ, ਗੁਰਦੁਆਰਿਆਂ ਅਤੇ ਮੁੱਖ ਧਾਰਮਿੱਕ ਸਥਾਨਾਂ ਵਿੱਚ ਹੋ ਰਹੀਆਂ ਮੰਨਮੱਤਾਂ।

## ਕਿਸ਼ਤ ਨੰਬਰ 7

(ਲੜੀ ਜੋੜਨ ਲਈ ਕਿਸ਼ਤ ਨੰਬਰ 1, 2, 3, 4, 5, 6, ਪੜ੍ਹੋ ਜੀ।

#### "ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥ ਮ3॥ 67॥

- "ਗੁਰਬਾਣੀ-ਗਿਆਨ-ਵਿਚਾਰ' ਨੂੰ ਅਗਰ ਆਪਣੇ ਜੀਵਨ ਦੇ ਕਰਮਾਂ ਵਿੱਚ ਵਸਾ ਲਿਆ ਜਾਵੇ ਤਾਂ ਇਹ 'ਗੁਰਬਾਣੀ-ਗਿਆਨ-ਵਿਚਾਰ', ਦੀ ਸੋਝੀ, ਜਾਣਕਾਰੀ, ਇਸ ਜੱਗ/ਸੰਸਾਰ ਵਿੱਚ ਵਿਚਰਨ ਲਈ ਚਾਨਣ/ਰੌਸ਼ਨੀ ਦਾ ਕੰਮ ਕਰਦੀ ਹੈ।
- ਮਤਲਬ ਕਿ, 'ਗੁਰਬਾਣੀ' ਨੂੰ ਪੜ੍ਹ ਕੇ, ਸੁਣ ਕੇ, ਮੰਨ ਕੇ, ਸਮਝ ਕੇ, ਵਿਚਾਰ ਕੇ 'ਗੁਰਬਾਣੀ-ਗਿਆਨ' ਨੂੰ ਆਪਣੇ ਦਿਮਾਗ਼ ਵਿੱਚ ਵਸਾ ਲਿਆ, ਸਮਝ ਆ ਗਈ, ਸੋਝੀ ਹੋ ਗਈ।
- "ਗੁਰਬਾਣੀ-ਗਿਆਨ" ਦੇ ਅਨੁਸਾਰ ਆਪਣਾ ਜੀਵਨ ਜਿਉਂਣਾ ਸੁਰੂ ਕਰ ਦਿੱਤਾ।
- ਜਦ 'ਗੁਰਬਾਣੀ-ਗਿਆਨ' ਨੇ ਮੇਰੇ ਅੰਦਰ ਇਹ ਜਾਣਕਾਰੀ ਦੇ ਦਿੱਤੀ, ਸੋਝੀ ਦੇ ਦਿੱਤੀ, ਕਿ ਕੀ ਸਹੀ ਹੈ, ਕੀ ਗ਼ਲਤ ਹੈ, ਤਾਂ ਮੇਰੇ ਬਾਹਰ ਵਾਲੇ ਸੰਸਾਰ ਵਿੱਚ ਵੀ ਮੈਨੂੰ ਹਰ ਚੀਜ਼ ਬਾਰੇ ਭਰਮ ਭੁਲੇਖੇ ਖਤਮ ਹੋ ਗਏ।
- ਚਾਨਣ ਹੋ ਗਿਆ, ਗਿਆਨ ਹੋ ਗਿਆ, ਜਾਣਕਾਰੀ ਮਿਲ ਗਈ, ਸਮਝ ਆ ਗਈ, ਸੋਝੀ ਹੋ ਗਈ।
- ਇਹ ਬਾਹਰ ਵਾਲੇ ਸੰਸਾਰ ਵਿੱਚ ਚਾਨਣ ਦੇ ਆਉਂਣ ਦਾ ਕਾਰਨ ਹੈ, ਜਦ 'ਗੁਰਬਾਣੀ-ਗਿਆਨ-ਵਿਚਾਰ, ਨੂੰ ਮੈਂ ਆਪਣੇ ਕਰਮਾਂ, ਭਾਵ ਮੈਂ ਆਪਣੇ ਜੀਵਨ ਦੇ ਕੰਮਾਂ-ਕਾਰਾਂ ਵਿੱਚ ਲਿਆ ਕੇ ਵਰਤਣਾ ਸੁਰੂ ਕੀਤਾ।
- ਜਦ ਤੱਕ ਇਹ 'ਗੁਰਬਾਣੀ-ਗਿਆਨ' ਦਾ ਚਾਨਣ ਨਹੀਂ ਸੀ, ਤਦੋਂ ਤੱਕ ਮੈਂ ਅੰਧੇਰੇ ਵਿੱਚ ਸੀ, ਹੁਣ ਗਿਆਨ ਹੋ ਗਿਆ, ਮੇਰਾ ਸਾਰਾ ਅੰਧੇਰਾ ਦੂਰ ਗਿਆ, ਭਾਵ ਮੈਂ ਹੁਣ ਹਰ ਤਰਾਂ ਦੇ ਵਹਿਮਾਂ, ਭਰਮਾਂ, ਪਾਖੰਡਾਂ, ਕਰਮਕਾਡਾਂ ਤੋਂ ਅਲੱਗ ਹੋ ਗਿਆ ਹਾਂ।

? ? ? ? ? ? ? ? ? : ਕੀ "ਗੁਰਬਾਣੀ-ਗੁਰੂ" ਨੂੰ ਨਮਸਕਾਰਾਂ ਕਰਨ ਵਾਲਿਆਂ ਨੇ ਬਾਬੇ ਨਾਨਕ ਦਾ ਕਹਿਣਾ ਮੰਨਣਾ ਕਰਨਾ ਕਰ ਲਿਆ? ? ? ?

? ? ? ਕੀ ਸਾਰੇ ਗੁਰ ਨਾਨਕ ਨਾਮ ਲੇਵਾ ਬਾਬੇ ਨਾਨਕ ਦੇ ਦਿੱਤੇ ਗਿਆਨ ਅਨੁਸਾਰ ਆਪਣਾ ਜੀਵਨ ਜਾਪਣ ਕਰਦੇ ਹਨ? ?

ਨਹੀਂ ਨਾ। . . . . . . ਹਾਂ! ! ! ਕੁੱਝ ਲੋਕਾਂ ਨੇ ਜਰੂਰ ਮੰਨਣਾ ਕੀਤਾ ਹੈ, ਮੰਨਣਾ ਕੀਤਾ ਹੋਵੇਗਾ।

- ਪਰ ਨਮਸਕਾਰਾਂ ਸਾਰੇ ਹੀ ਕਰਦੇ ਹਨ।
- ਸਾਰੇ ਹੀ ਬ੍ਰਾਹਮਣ ਦੀ ਕੀਤੀ ਜਾਂਦੀ ਆਰਤੀ ਵਾਂਗ ਹੀ ਪੂਜਾ ਅਰਚਨਾ ਵੀ ਕਰਦੇ ਹਨ।
- ਸਾਰੇ ਆਪਣੀਆਂ ਆਪਣੀਆਂ ਹੈਸੀਅਤ ਅਨੁਸਾਰ ਭੇਟਾਵਾਂ ਵੀ ਲੈ ਕੇ ਜਾਂਦੇ ਹਨ।

- ਸਾਰੇ ਵਿਖਾਵਾ ਇਹੀ ਕਰਦੇ ਹਨ, ਕਿ "ਗੁਰਬਾਣੀ" ਵਿੱਚ ਉਹਨਾਂ ਦਾ ਅਟੁੱਟ ਵਿਸ਼ਵਾਸ ਹੈ
- ਉਹ ਤਾਂ ਬਾਬੇ ਨਾਨਕ ਦੀ ਸਿੱਖਿਆ ਅਨੁਸਾਰੀ ਹੀ ਜਿਉਂਦੇ ਹਨ।

? ? ? ? ? : ਪਰ ਐਸਾ ਹੈ ਨਹੀਂ।

- ਲੋਕ ਤਰਹ ਤਰਹ ਦੇ ਵਹਿਮ, ਭਰਮ, ਆਡੰਬਰ, ਕਰਮਕਾਂਡ ਕਰਦੇ ਵੇਖੇ ਜਾ ਸਕਦੇ ਹਨ।
- ਸਿੱਖ ਸਮਾਜ ਦੇ ਘਰਾਂ ਵਿੱਚ ਅੰਨਮੱਤਾਂ, ਮੰਨਮੱਤਾਂ ਦਾ ਅਸਰ ਸਾਫ਼ ਵੇਖਿਆ ਜਾ ਸਕਦਾ ਹੈ।
- ਜਦ ਕਿ 'ਗੁਰਬਾਣੀ-ਗਿਆਨ' ਅੰਨਮੱਤਾਂ, ਮੰਨਮੱਤਾਂ, ਵਹਿਮ, ਭਰਮ, ਕਰਮਕਾਂਡਾਂ ਦਾ ਖੰਡਨ ਕਰਦਾ ਹੈ। ਪਰ ਸਿੱਖ ਲੋਕ ਹੀ ਇਹਨਾਂ ਨੂੰ ਅੰਨਮੱਤਾਂ/ਮੰਨਮੱਤਾਂ ਨੂੰ ਕਰਨ ਵਿੱਚ ਪਹਿਲ ਦੇ ਰਹੇ ਹਨ।
- ਪਰ ਅਸੀਂ ਆਪਣੀਆਂ ਨਾਦਾਨੀਆਂ, ਅਗਿਆਨਤਾ, ਅਨਪੜ੍ਹਤਾ ਕਰਕੇ ਬ੍ਰਾਹਮਣੀ ਵਿਚਾਰਾਂ ਨੂੰ ਹੀ ਤਰਜ਼ੀਹ ਦੇਈ ਜਾ ਰਹੇ ਹਾਂ
-

###: ਮੂਰਤੀ ਪੂਜਾ।

** ਸਨਾਤਨ ਮੱਤ ਵਿੱਚ ਪੁਜਾਰੀ ਲਾਣੇ ਨੇ ਆਪਣੀ ਪ੍ਰਭੁਸੱਤਾ ਬਣਾਈ ਰੱਖਣ ਅਤੇ ਆਪਣੀ ਰੋਜ਼ੀ-ਰੋਟੀ ਦਾ ਪੱਕਾ ਸਾਧਨ ਬਨਾਉਣ ਲਈ ਸੱਭ ਤੋਂ ਪਹਿਲਾਂ ਇੱਕ **ਨਕਲੀ** 'ਰੱਬ', ਭਗਵਾਨ, ਪ੍ਰਮਾਤਮਾ, ਈਸ਼ਵਰ, ਪ੍ਰਮੇਸ਼ਵਰ, ਪੈਦਾ ਕੀਤਾ, ਘੜਨਾ ਕੀਤਾ।

*** ਫਿਰ ਪੁਜਾਰੀ, ਪਾਂਡੇ ਨੇ ਉਸ **ਨਕਲੀ** 'ਰੱਬ', ਭਗਵਾਨ, ਪ੍ਰਮਾਤਮਾ, ਈਸ਼ਵਰ, ਪ੍ਰਮੇਸ਼ਵਰ, ਲਈ ਮੰਦਿਰ ਬਨਉਣੇ ਕੀਤੇ।

- ਮੰਦਿਰ ਬਣਵਾ ਕਿ ਫਿਰ ਪੁਜਾਰੀ ਨੇ ਆਪਣੇ 33 ਕਰੋੜ ਦੇਵੀ-ਦੇਵਤਿਆਂ ਵਿੱਚ 3 ਦੇਵਤਿਆਂ ਨੂੰ ਮੁੱਖ ਮੰਨਿਆ। ਉਹ ਸਨ 1, ਬ੍ਰਹਮਾ. 2. ਵਿਸ਼ਨੂੰ. 3. ਮਹੇਸ਼।
- 1. ਬ੍ਰਹਮਾ: ਜੋ ਸੰਸਾਰ/ਸ੍ਰਿਸਟੀ ਨੂੰ ਪੈਦਾ ਕਰਦਾ ਹੈ।
- 2. ਵਿਸ਼ਨੂੰ: ਸੰਸਾਰ/ਸ੍ਰਿਸਟੀ ਦੀ ਪਾਲਣਾ-ਪੋਸਣਾ ਕਰਦਾ ਹੈ, ਭਾਵ ਲੋਕਾਈ ਨੂੰ ਰੋਜ਼ੀ-ਰੋਟੀ ਦਿੰਦਾ ਹੈ।
- 3. ਮਹੇਸ਼: ਸੰਸਾਰ/ਸ੍ਰਿਸਟੀ ਦਾ ਵਿਨਾਸ਼ ਕਰਦਾ ਹੈ, ਭਾਵ ਲੋਕਾਈ ਨੂੰ ਮੌਤ ਦਿੰਦਾ ਹੈ।
- 
- ਪੁਜਾਰੀ ਨੇ ਇਹਨਾਂ ਤਿੰਨਾ ਦੇਵਤਿਆਂ ਦੀਆਂ ਮਿੱਟੀ/ਪੱਥਰ ਦੀਆਂ ਮੂਰਤੀਆਂ ਬਣਵਾ ਕਿ ਹਰ ਮੰਦਿਰ ਵਿੱਚ ਸਥਾਪਿੱਤ ਕਰਵਾ ਦਿੱਤੀਆਂ।
- ਲੋਕਾਂ ਵਿੱਚ ਇਹ ਪ੍ਰਚਾਰਨਾ ਕੀਤਾ ਕਿ ਇਹ ਤਿੰਨ ਦੇਵਤਾ ਹੀ ਪੂਜਣ ਯੋਗਹ ਹਨ।
- ਇਹੀ 'ਰੱਬ', ਭਗਵਾਨ, ਪ੍ਰਮਾਤਮਾ, ਈਸ਼ਵਰ, ਪ੍ਰਮੇਸ਼ਵਰ ਹਨ।

- ਇਹਨਾਂ ਦੀ ਪੂਜਾ ਹੀ ਤੁਹਾਡੇ ਦੁੱਖ-ਦਰਦ, ਕਲੇਸ਼ ਦੂਰ ਕਰ ਸਕਦੀ ਹੈ।
- ਤੁਹਾਡੀਆਂ ਝੋਲੀਆਂ ਭਰ ਸਕਦੀ ਹੈ। ਤੁਹਾਨੂੰ ਮੁਕਤੀ ਦਿਲਾ ਸਕਦੀ ਹੈ।
- ਇਸੇ ਤਰਾਂ ਕਈਆਂ ਮੰਦਿਰਾਂ ਵਿੱਚ ਦੇਵੀਆਂ ਦੀਆਂ ਮੂਰਤੀਆਂ ਵੀ ਸਥਾਪਿਤ ਕਰਵਾ ਦਿੱਤੀਆਂ।
- ਆਪਣੀ ਕਾਮ-ਪੂਰਤੀ/ਐਸ਼ ਲਈ ਬ੍ਰਾਹਮਣ/ਪੁਜਾਰੀ/ਪਾਂਡੇ ਨੇ ਵੱਡਿਆਂ ਮੰਦਿਰਾਂ ਵਿੱਚ ਦੇਵ-ਦਾਸੀਆਂ ਦੀ ਪ੍ਰਥਾ ਵੀ ਸ਼ੁਰੂ ਕਰ ਦਿੱਤੀ। ਇਹ ਦੇਵ-ਦਾਸੀਆਂ ਸਮਾਜ ਵਿਚੋਂ ਸੋਹਣੀਆਂ-ਸੋਹਣੀਆਂ ਲੜਕੀਆਂ ਚੁਣ-ਚੁਣ ਕੇ ਮੰਦਿਰਾਂ ਵਿੱਚ ਦੇਵ-ਦਾਸੀਆਂ ਦੇ ਰੂਪ ਵਿੱਚ ਰੱਖਣੀਆਂ ਸ਼ੁਰੂ ਕਰ ਦਿੱਤੀਆਂ। ਇਹ ਕੁਆਰੀਆਂ ਲੜਕੀਆਂ ਸਦਾ ਲਈ, ਮਾਂ-ਬਾਪ ਵਲੋਂ ਪੁਜਾਰੀ ਦੀ ਮਰਜ਼ੀ ਦੇ ਅਨੁਸਾਰ ਉਸ ਮੰਦਿਰ ਦੇ ਪੁਜਾਰੀ ਨੂੰ ਦੇ ਦਿੱਤੀ ਜਾਂਦੀ, ਉਹ ਲੜਕੀਆਂ ਸਦਾ ਲਈ ਉਥੇ ਹੀ ਰਹਿੰਦੀਆਂ ਸਨ।
- ਇਹ ਦੇਵ ਦਾਸੀਆਂ ਦਿਨ ਵੇਲੇ ਪੱਥਰ ਦੀਆਂ ਮੂਰਤੀਆਂ ਅਤੇ ਬ੍ਰਾਹਮਣ ਪੁਜਾਰੀ/ਪਾਡੇ ਦੇ ਇਸ਼ਨਾਨ-ਪਾਣੀ, ਸਾਜੋ ਸਜਾਵਟ ਦਾ ਪ੍ਰਬੰਧ ਕਰਦੀਆਂ ਸਨ।
- ਰਾਤ ਨੂੰ ਇਹਨਾਂ ਦੇਵ-ਦਾਸੀਆਂ ਨੂੰ ਬ੍ਰਾਹਮਣ ਪੁਜਾਰੀ ਪਾਂਡੇ ਦੇ ਬਿਸਤਰ ਵਿੱਚ ਉਹਨਾਂ ਦੀਆਂ ਰਾਤਾਂ ਰੰਗੀਨ ਕਰਨ ਲਈ ਜਾਣਾ ਪੈਂਦਾ। ਪਰ ਇਹ ਭੇਦ ਜਾਣਦੇ ਹੋਏ ਵੀ ਲੋਕ ਬ੍ਰਾਹਮਣ ਪੁਜਾਰੀ ਪਾਂਡੇ ਦੇ ਰੁਤਬੇ ਦੇ ਡਰ ਤੋਂ ਡਰਦੇ ਚੁੱਪ ਰਹਿੰਦੇ ਸਨ।

*** ਭਾਰਤ ਵਿੱਚ ਮੂਰਤੀ ਪੂਜਾ ਦਾ ਇਹ ਪਾਖੰਡ ਸਦੀਆਂ ਤੋਂ ਚਲਿਆ ਆ ਰਿਹਾ ਹੈ। ਇਹਨਾਂ ਵਹਿਮਾਂ, ਭਰਮਾਂ ਪਾਖੰਡਾਂ, ਕਰਮਕਾਂਡਾਂ ਦਾ ਵਿਰੋਧ ਭਗਤਾਂ, ਗੁਰੂ ਸਾਹਿਬਾਨਾਂ ਨੇ ਕਰਨਾ ਕੀਤਾ। ਭੋਲੀ ਭਾਲੀ ਲੁੱਟੀ ਜਾ ਰਹੀ ਲੋਕਾਈ ਨੂੰ ਜਾਗਰਤ ਕਰਨਾ ਕੀਤਾ।

- ਪਰ ਕੀ ਭਾਰਤ ਵਿੱਚ ਲੋਕ ਜਾਗਰਤ ਹੋਏ? ? ?
- ਹਾਂ! ! ! ਲੋਕ ਜਾਗਰਤ ਹੋਏ। ਸਮਾਜ ਵਿੱਚ ਬਦਲਾਅ ਵੀ ਆਇਆ।
- ਸਾਲ 1699 ਦੀ ਵਿਸਾਖੀ ਨੂੰ ਇਹ ਬਦਲਾਅ ਵੇਖਣ ਨੂੰ ਮਿਲਿਆ।
- ਬ੍ਰਾਹਮਣ ਵਲੋਂ ਦੁਰਕਾਰੇ, ਦੁਤਕਾਰੇ, ਸਾਰੇ ਸ਼ੂਦਰਾਂ ਨੇ ਇੱਕ ਹੀ ਬਾਟੇ ਵਿੱਚ ਖੰਡੇ-ਬਾਟੇ ਦੀ ਬਣਾਈ ਪਾਹੁਲ ਛੱਕਣੀ ਕੀਤੀ। ਸਾਰਿਆਂ ਨੂੰ ਬਰਾਬਰਤਾ ਦਾ ਹੱਕ ਮਿਲ ਗਿਆ। ਸਾਰਿਆਂ ਦੀ ਜ਼ਾਤ-ਪਾਤ ਖ਼ਤਮ ਹੋ ਗਈ। ਸਿੱਖੀ ਵਿੱਚ ਪ੍ਰਵੇਸ਼ ਕੀਤੇ ਲੋਕਾਂ ਨੇ ਤਿਕੜੀ ਬ੍ਰਾਹਮਣ/ਯੋਗੀ/ਕਾਜ਼ੀ ਤੋਂ ਨਿਜ਼ਾਤ ਪਾ ਲਈ।
- ਸਮਾਂ ਪਾ ਕੇ ਇਹਨਾਂ ਵਿਚੋਂ ਹੀ ਸੂਰਮੇ ਪੈਦਾ ਹੋਏ। ਜਿਹਨਾਂ ਨੇ ਭਾਰਤ ਦੇ ਪੰਜਾਬ ਸੂਬੇ ਵਿੱਚ ਰਾਜ ਕਾਇਮ ਕੀਤਾ। ਜੋ 'ਸਿੱਖ-ਰਾਜ' ਅਖਵਾਇਆ।
- ਇਸ ਸਿੱਖ-ਰਾਜ ਦੇ ਦੌਰਾਨ ਹੀ ਸਿੱਖ ਸਮਾਜ ਵਿੱਚ ਵੰਡੀਆਂ ਪੈਣੀਆਂ ਸ਼ੁਰੂ ਹੋ ਗਈਆਂ ਸਨ।
- ਸਿੱਖ ਰਾਜ ਦੀ ਸਮਾਪਤੀ ਸਾਲ 1838 ਵਿੱਚ ਹੋ ਗਈ। ਆਉਂਦੇ 10 ਸਾਲਾਂ ਵਿੱਚ ਅੰਗਰੇਜ਼ਾਂ ਨੇ 1849 ਵਿੱਚ ਪੰਜਾਬ ਦੇ ਸਿੱਖ ਰਾਜ ਉੱਪਰ ਵੀ ਕਬਜ਼ਾ ਕਰ ਲਿਆ।
- ਅੰਗਰੇਜ਼ਾਂ ਨੇ ਵੀ ਸਿੱਖ ਸਮਾਜ ਵਿੱਚ 'ਸਿੱਖੀ' ਨੂੰ ਢਾਅ ਲਾਉਣ ਲਈ ਉਹੀ ਬ੍ਰਾਹਮਣੀ ਹੱਥ-ਕੰਡੇ ਅਪਨਾਉਣੇ ਸ਼ੁਰੂ ਕਰ ਦਿੱਤੇ।
- ਪੱਥਰ ਦੀਆਂ ਮੂਰਤੀਆਂ ਦਰਬਾਰ ਸਾਹਿਬ ਕੰਪਲੈਕਸ ਵਿੱਚ ਰੱਖਵਾ ਦਿੱਤੀਆਂ ਗਈਆਂ। ਤਾਂ ਜੋ 'ਗੁਰਬਾਣੀ-ਗਿਆਨ-ਵਿਚਾਰ' ਵਿੱਚ ਆਪਣਾ ਅਕੀਦਾ ਰੱਖਣ ਵਾਲੇ ਸਿੱਖ, ਇਸ ਮੂਰਤੀ ਪੂਜਾ ਪਾਸੇ ਕੇਂਦਰਤ ਹੋ ਜਾਣ।
- ਪਰ ਐਸਾ ਨਾ ਹੋ ਸਕਿਆ। ਸਿੱਖਾਂ ਦੇ ਵਿਦਰੋਹ ਦੇ ਕਾਰਨ 1920 ਵਿੱਚ ਅੰਗਰੇਜ਼ਾਂ ਨੂੰ ਇਹ ਪੱਥਰ ਦੀਆਂ ਮੂਰਤੀਆਂ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਚੁਕਵਾਉਣੀਆਂ ਪਈਆਂ ਸਨ।

- ਸਾਬਾਸ਼! ! ! ਸਿੱਖਾਂ ਨੇ ਆਪਣੇ 'ਸਬਦ-ਗੁਰੂ-ਗਿਆਨ' ਦੀ ਵਰਤੋਂ ਕੀਤੀ, ਮੂਰਤੀ ਪੂਜਾ ਦਾ ਵਿਦਰੋਹ ਕੀਤਾ।

*****: ਪਰ ਅਫ਼ਸੋਸ! ! ! ਇਸ 'ਸਬਦ-ਗੁਰੂ-ਗਿਆਨ' ਨੂੰ ਸਾਰੇ ਸਿੱਖ ਸਮਾਜ ਨੇ ਅਪਨਾਉਣਾ ਨਹੀਂ ਕੀਤਾ। ਬ੍ਰਾਹਮਣ ਪੂਜਾਰੀ/ਪਾਂਡੇ ਦੀ ਨਿਆਈਂ/ਤਰਹ ਹੀ, ਅਸੀਂ ਸਾਰੇ ਸਿੱਖ ਸਮਾਜ ਵਿੱਚ 'ਸਬਦ ਗੁਰੁ ਗੁਰਬਾਣੀ' ਨੂੰ ਕੇਵਲ ਪੂਜਣਾ ਹੀ ਕਰਦੇ ਹਾਂ। ਸਮਝਣ ਵਾਲਾ, ਗਿਆਨ ਲੈਣ ਵਾਲਾ ਸ਼ੌਕ ਸਾਡੇ ਸਿੱਖ ਸਮਾਜ ਵਿੱਚ ਨਹੀਂ ਹੈ।

**: 'ਗੁਰਬਾਣੀ' ਤਾਂ ਕਾਜ਼ੀ, ਬ੍ਰਾਹਮਣ, ਯੋਗੀ ਨੂੰ ਲਤਾੜਦੀ ਹੈ, ਨਾਕਾਰਦੀ ਹੈ, "ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥ ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥ ਮ1॥ 662॥

- ਪਰ ਸਾਡੇ ਆਪਣੇ ਸਿੱਖ-ਸਮਾਜ ਨੇ ਇਹਨਾਂ ਤਿੰਨਾ/ਤਿਕੜੀ ਦੇ ਕਰਮਾਂ ਨੂੰ ਹੀ ਆਪਨਾਉਣਾ ਕਰ ਲਿਆ।
- ਜ਼ਰਾ ਆਪਣੇ ਆਸੇ-ਪਾਸੇ, ਆਪਣੇ ਘਰ ਵਿਚ, ਬਾਹਰ ਦੋਸਤਾਂ ਮਿੱਤਰਾਂ ਦੇ ਘਰਾਂ ਵਿਚ, ਉਹਨਾਂ ਦੇ ਜੀਵਨਾ ਵਿੱਚ ਨਜ਼ਰ ਮਾਰ ਕੇ ਵੇਖ ਲਉ, ਹਰ ਕੋਈ ਕਿਸੇ ਨਾ ਕਿਸੇ ਬਾਬੇ ਨਾਲ, ਡੇਰੇਦਾਰ ਨਾਲ, ਮਸਤ ਨਾਲ, ਬ੍ਰਾਹਮਣ ਨਾਲ, ਯੋਗੀ ਨਾਲ ਜੁੜਿਆ ਹੇ।
- 'ਗੁਰਬਾਣੀ-ਗਿਆਨ-ਵਿਚਾਰ' ਨਾਲ ਜੁੜਨ ਵਾਲੇ ਤਾਂ ਬਹੁਤ ਥੋੜੇ ਹਨ। ਵਰਨਾ ਅੱਜ ਦਾ ਸਿੱਖ ਸਮਾਜ ਤਾਂ 95% ਬ੍ਰਾਹਮਣਵਾਦੀ ਵਿਚਾਰਧਾਰਾ ਦਾ ਮਾਲਿਕ ਬਣ ਚੁੱਕਾ ਹੈ।
- ਗੁਰਦੁਆਰਿਆਂ ਵਿੱਚ ਸਿੱਖ ਮੂਰਤੀ ਪੂਜਾ ਨਹੀਂ ਕਰਦਾ, ਪਰ ਪੂਜਾ ਤਾਂ ਕਿਸੇ 'ਦੇਹ' ਦੀ ਕਰਦਾ ਹੈ। ਸਿੱਖ 'ਸਬਦ-ਗੁਰੂ-ਗਰੰਥ' ਨੂੰ ਦੇਹ ਮੰਨਕੇ ਪੂਜਾ ਕਰੀ ਜਾ ਰਿਹਾ ਹੈ।
- ਸਿੱਖਾਂ ਦੇ ਘਰਾਂ ਵਿੱਚ ਗੁਰੂਆਂ ਦੀਆਂ ਨਕਲੀ, ਮਨੋਕਲਪਿੱਤ ਤਸਵੀਰਾਂ ਦੀ ਭ੍ਰਮਾਰ ਹੈ।
- ਸਿੱਖ ਚਾਹੇ ਭਾਰਤ ਵਿੱਚ ਹੋਣ ਜਾਂ ਚਾਹੇ ਵਿਦੇਸ਼ ਵਿੱਚ ਹਰ ਸਿੱਖ ਦੇ ਘਰ ਵਿੱਚ ਇਹ ਨਕਲੀ ਮਨੋਕਲਪਿੱਤ ਤਸਵੀਰਾਂ ਵੇਖੀਆਂ ਜਾ ਸਕਦੀਆਂ ਹਨ।
- ਕਿਉਂ? ? ? ?
- ਇਸ ਪਿੱਛੇ ਕਾਰਨ ਹੈ ਸਾਡੀ ਆਪਣੀ ਅਗਿਆਨਤਾ, ਨਾਦਾਨੀ, 'ਗੁਰਬਾਣੀ-ਗਿਆਨ-ਵਿਚਾਰ' ਨਾ ਲੈਣ ਲਈ ਸਾਡੇ ਮਨਾਂ ਵਿੱਚ ਉਦਾਸੀਨਤਾ।
- ਸਾਡੇ ਮਨਾਂ ਵਿੱਚ 'ਗੁਰਬਾਣੀ-ਗਿਆਨ-ਵਿਚਾਰ ਲੈਣ ਦਾ ਸ਼ੌਕ ਦਾ ਨਾ ਹੋਣਾ।
- ਲੋਕਾਂ ਦੀਆਂ ਸੁਣੀਆਂ-ਸੁਣਾਈਆਂ, ਝੂਠੀਆਂ-ਮੂਠੀਆਂ ਸਾਖੀਆਂ ਕਥਾਂ-ਕਹਾਣੀਆਂ ਨੂੰ ਆਪਣੇ ਧੁਰ ਅੰਦਰ ਵਸਾ ਲੈਣ ਦੀ ਆਦਤ।
- ਇਹਨਾਂ ਝੂਠੀਆਂ-ਮੂਠੀਆਂ ਸਾਖੀਆਂ ਕਥਾਂ-ਕਹਾਣੀਆਂ ਦੇ ਬਾਰੇ ਪੜਚੋਲ ਨਾ ਕਰਨਾ।
- ਪੜਚੋਲ ਕਿਉਂ ਨਹੀਂ ਹੋ ਪਾਉਂਦੀ।
- ਕਿਉਂਕਿ! ! ਸਾਡੇ ਪਾਸ 'ਗੁਰਬਾਣੀ-ਗਿਆਨ-ਵਿਚਾਰ' ਦੀ ਕੱਸਵੱਟੀ ਨਹੀਂ ਹੈ।

#####: ਤਸਵੀਰਾਂ: ਕੈਲੰਡਰ/ਤਸਵੀਰਾਂ ਬਨਾਉਣ ਵਾਲਿਆਂ ਦਾ ਜਿਆਦਾ ਜ਼ੋਰ, ਕੇਵਲ ਬਾਬੇ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੀ ਤਸਵੀਰ ਬਨਾਉਣ ਵੱਲ ਹੀ ਹੁੰਦਾ ਹੈ। ਕਿਉਂਕਿ ਸਿੱਖ ਸਮਾਜ ਵਿੱਚ ਵੀ ਇਹਨਾਂ ਦੋਨੋਂ ਬਾਰੇ ਹੀ ਜ਼ਿਕਰ ਹੁੰਦਾ ਹੈ।

- ਸਾਰੇ ਰਾਗੀ, ਪ੍ਰਚਾਰਕ ਜਦ ਵੀ ਕੋਈ ਜ਼ਿਕਰ ਕਰਨਗੇ ਤਾਂ ਜਿਆਦਾ ਜ਼ਿਕਰ ਇਹਨਾਂ ਦੋਨੋਂ ਗੁਰੁ ਸਾਹਿਬਾਨਾਂ ਦਾ ਹੁੰਦਾ ਹੈ।
- ਦੂਜੇ ਗੁਰੂ ਸਾਹਿਬਾਨਾਂ ਦਾ ਵੀ ਜ਼ਿਕਰ ਕਰਦੇ ਹਨ, ਪਰ ਨਾ-ਮਾਤਰ।
- ਬਿਜ਼ਨੈਸਮੈਨ ਨੇ ਲੋਕਾਂ ਦੀ ਨਬਜ਼ ਪਛਾਣ ਕੇ ਆਪਣਾ ਬਿਜ਼ਨੈਸ ਕਰਨਾ ਹੁੰਦਾ ਹੈ, ਤਾਂ ਜੋ ਉਹ ਵੱਧ ਤੋਂ ਵੱਧ ਮੁਨਾਫਾ ਕਮਾ ਸਕੇ।
- ਸੋ ਸਿੱਖ ਸਮਾਜ ਵਿੱਚ ਸਾਡੀ ਸਿੱਖਾਂ ਦੀ ਬਿਰਤੀ ਪਛਾਣ ਕੇ ਕੇਵਲ ਇਹਨਾਂ ਦੋ ਗੁਰੁ ਸਾਹਿਬਾਂ ਦੀਆਂ ਤਸਵੀਰਾਂ ਨੂੰ ਹੀ ਪਰੋਮੋਟ ਕੀਤਾ ਜਾਂਦਾ ਹੈ।
- ਇਹ ਤਸਵੀਰਾਂ ਧੜਾਧੜ ਵਿੱਕ ਰਹੀਆਂ ਹਨ।
- ਕਦੇ ਕਿਸੇ ਵੀ ਸਿੱਖ ਨੇ ਇਹ ਸਵਾਲ ਉਠਾਉਣਾ ਨਹੀਂ ਕੀਤਾ ਕਿ ਇਹ ਤਾਂ ਸਾਰੀਆਂ ਨਕਲੀ, ਮਨੋਕਲਪਿੱਤ ਤਸਵੀਰਾਂ ਹਨ? ? ?
- ਸਾਡੀਆਂ ਮੁੱਖ ਧਾਰਮਿੱਕ ਸੰਸਥਾਂਵਾਂ ਵੀ ਅਜੇਹੇ ਸਵਾਲ ਨਹੀਂ ਕਰਦੀਆਂ। ਸਗੋਂ ਉਹ ਤਾਂ ਆਪ ਅਜੇਹੇ ਕਰਮਕਾਡਾਂ ਨੂੰ ਉਤਸ਼ਾਹਿਤ ਕਰਦੀਆਂ ਹਨ।
- ਤਾਂ ਹੀ ਤਾਂ ਹਰ ਮੁੱਖ ਧਾਰਮਿੱਕ ਸਥਾਨ ਦੇ ਬਾਹਰ ਇਹ ਮਨੋਕਲਪਿੱਤ ਨਕਲੀ ਤਸਵੀਰਾਂ ਦੇ ਧੰਦੇ ਬੜੇ ਜ਼ੋਰ-ਸ਼ੋਰ ਨਾਲ ਚੱਲ ਰਹੇ ਹਨ। ਮੇਲਿਆਂ ਦੇ ਇਕੱਠਾਂ ਵਿੱਚ ਇਹਨਾਂ ਤਸਵੀਰਾਂ ਦਾ ਬੜੇ ਜ਼ੋਰ-ਸ਼ੋਰ ਨਾਲ ਧੰਦਾ ਚੱਲਦਾ ਹੈ।

#### ਹੇਠਾਂ ਬਾਜ਼ਾਰਾਂ ਵਿੱਚ ਪ੍ਰਚੱਲਤ ਬਾਬੇ ਨਾਨਕ ਅਤੇ ਦੱਸਵੇਂ ਗੁਰੁ ਦੀਆਂ ਮਨੋਕਲਪਿੱਤ ਨਕਲੀ ਤਸਵੀਰਾਂ ਹਨ। ਇਹਨਾਂ ਵਿਚੋਂ ਕੋਈ ਵੀ ਤਸਵੀਰ ਆਪਸ ਵਿੱਚ ਨਹੀਂ ਮਿਲਦੀ। ਸੱਭ ਅਲੱਗ ਅਲੱਗ ਹਨ।






- ਪਰ ਇਹ ਮਨੋਕਲਪਿੱਤ ਨਕਲੀ ਤਸਵੀਰਾਂ, ਹਰ ਸਿੱਖ ਦੇ ਘਰ ਵਿੱਚ ਸੁਭਾਇਮਾਨ ਹਨ। ਹਰ ਘਰ ਦੀ ਕੰਧ ਦਾ ਸ਼ਿੰਗਾਰ ਹਨ।
- ਸਿੱਖ ਬੜੀਆਂ ਮਹਿੰਗੀਆਂ ਮਹਿੰਗੀਆਂ ਆਦਮ-ਕੱਦ ਦੀਆਂ ਇਹ ਨਕਲੀ, ਮਨੋਕਲਪਿੱਤ ਤਸਵੀਰਾਂ ਸਿੱਖ ਆਪਣੇ ਘਰਾਂ ਵਿੱਚ ਸਜਾਵੱਟ ਲਈ ਖਰੀਦਦੇ ਹਨ।
- ਅਨਪੜ੍ਹ, ਅਗਿਆਨੀ ਲੋਕ ਇਹਨਾਂ ਆਦਮ-ਕੱਦ ਦੀਆਂ ਤਸਵੀਰਾਂ ਦੀ ਪੂਜਾ ਵੀ ਕਰਦੇ ਹਨ।
- ਇਹਨਾਂ ਨਕਲੀ ਮਨੋਕਲਪਿੱਤ ਤਸਵੀਰਾਂ ਅੱਗੇ ਅਰਦਾਸਾਂ ਜੋਦੜੀਆਂ ਆਰਤੀਆਂ ਵੀ ਕਰਦੇ ਵੇਖੇ ਜਾ ਸਕਦੇ ਹਨ।
- ਇਹ ਨਕਲੀ ਮਨੋਕਲਪਿੱਤ ਤਸਵੀਰਾਂ ਸਾਨੂੰ ਦੇਹ ਦਾ ਭੁਲੇਖਾ ਪਾਉਂਦੀਆਂ ਹਨ।
- ਇਸੇ ਲਈ ਅਨਪੜ੍ਹ ਅਗਿਆਨੀ ਲਾਣਾ 'ਸਬਦ ਗੁਰੂ ਗਰੰਥ' ਨੂੰ ਵੀ ਦੇਹ ਸਮਝ ਕੇ ਪੂਜਾ ਅਰਚਨਾ ਕਰਦਾ ਹੈ।
- ਆਰਤੀਆਂ ਉਤਾਰਦਾ ਹੈ।
- ਦੇਸ਼ ਬਿਦੇਸ਼ ਵਿੱਚ ਜਿਥੇ ਵੀ ਡੇਰੇਦਾਰਾਂ ਨੇ ਆਪਣੀਆਂ ਜਾਇਦਾਤਾਂ ਬਣ ਲਈਆਂ ਹਨ, ਉਹਨਾਂ ਦੇ ਡੇਰਿਆਂ ਵਿੱਚ ਉਹਨਾਂ ਦੇ ਵੱਡੇ ਬਾਬਿਆਂ ਅਤੇ ਬਾਬੇ ਨਾਨਕ ਦੀਆਂ ਨਕਲੀ ਤਸਵੀਰਾਂ ਅੱਗੇ, ਇਗ ਡੇਰੇਦਾਰ ਆਰਤੀਆਂ ਦੇ ਥਾਲ ਘੁਮਾਉਂਦੇ ਆਮ ਹੀ ਵੇਖੇ ਜਾ ਸਕਦੇ ਹਨ।
- ਸਵਾਲ ਉਠਦਾ ਹੈ? ? ? ਕੀ ਅਸੀਂ ਕਦੇ ਵੀ ਆਪਣੇ ਆਪ ਨਾਲ ਸਵਾਲ ਨਹੀਂ ਕਰਾਂਗੇ ਕਿ ਇਹ ਤਸਵੀਰਾਂ ਤਾਂ ਨਕਲੀ ਹਨ, ਜਦਕਿ ਗੁਰੂ ਸਾਹਿਬ ਜੀ ਦੀ ਕੋਈ ਅਸਲੀ ਤਸਵੀਰ ਤਾਂ ਹੈ ਹੀ ਨਹੀਂ।

ਆਉ 'ਗੁਰਬਾਣੀ-ਗਿਆਨ-ਵਿਚਾਰ' ਨਾਲ ਸਾਂਝ ਬਣਾਈਏ।

**: ਗੁਰ ਮੂਰਤਿ ਸਚੁ ਥਾਉ ਧਿਆਨੁ ਧਰਾਇਆ॥ ਭਾਈ ਗੁਰਦਾਸ ਜੀ॥ ਵਾਰ 22॥

- ‘ਸਬਦ-ਗੁਰੂ-ਗੁਰਬਾਣੀ’ ਦੇ ਗਿਆਨ ਦਾ ਧਿਆਨ ਧਰਨਾ ਹੀ ਗੁਰ-ਮੂਰਤ ਦਾ ਦਰਸਨ ਕਰਨਾ ਹੈ। ਧਿਆਨ ਧਰਨਾ ਹੀ ਸਚਾ ਥਾਉ ਹੈ।

**: ਗੁਰ ਮੂਰਤਿ ਗੁਰੁ ਸਬਦੁ ਹੈ ਸਾਧਸੰਗਤਿ ਮਿਲਿ ਅੰਮ੍ਰਿਤ ਵੇਲਾ॥ ਭਾਈ ਗੁਰਦਾਸ ਜੀ॥ ਵਾਰ 24॥

- ਗੁਰੂ ਦੀ ਮੂਰਤ ‘ਗੁਰੂ ਦੇ ਸਬਦ ਦੀ ਗਿਆਨ ਵਿਚਾਰ’ ਹੈ। ਸਾਧ ਸੰਗਤ ਵਿੱਚ ਮਿਲਿ ਬੈਠ ਕੇ ਗੁਰਬਾਣੀ ਗਿਆਨ ਵਿਚਾਰ ਕਰਨਾ ਹੀ ਅੰਮ੍ਰਿਤ ਵੇਲਾ ਹੈ ਭਾਵ ਸੁਲੱਖਣਾ ਸਮਾਂ ਹੈ।

***: ਸਤਿਗੁਰ ਮੂਰਤਿ ਪਰਗਟੀ ਗੁਰਮੁਖਿ ਸੁਖ ਫਲੁ ਸਬਦ ਵਿਚਾਰਾ॥ ਭਾਈ ਗੁਰਦਾਸ ਜੀ॥ ਵਾਰ 29॥

- ਜਦ ਕੋਈ ਗੁਰਮੁੱਖ ਸਿੱਖ ਗੁਰ ਸਬਦ ਦੀ ਵਿਚਾਰ ਕਰਦਾ ਹੈ, ਭਾਵ ਗੁਰਬਾਣੀ ਗਿਆਨ ਵਿਚਾਰ ਨਾਲ ਆਪਣੇ ਆਪ ਨੂੰ ਰੂ-ਬਰੂ ਕਰਦਾ ਹੈ ਤਾਂ ਤਾਂ ਸਤਿਗੁਰ ਦੀ ਮੂਰਤ ਦੇ ਹੀ ਦਰਸਨ ਕਰ ਰਿਹਾ ਹੁੰਦਾ ਹੈ।
- ਸੋ ਸਿੱਖ ਲਈ ਸਤਿਗੁਰ ਦੀ ਮੂਰਤ ਕੇਵਲ ਗੁਰਬਾਣੀ ਗਿਆਨ ਵਿਚਾਰ ਹੀ ਹੈ।

**##: ਬ੍ਰਾਹਮਣੀ ਤਰਜ਼ ਤੇ ਪੱਥਰ ਦੀ ਬਣਾਈ ਬਾਬੇ ਨਾਨਕ ਦੀ ਮੂਰਤੀ ਦੀ ਸਥਾਪਤੀ।** ਗੁਜਰਾਤ ਸੂਬੇ ਦੇ ਭਾਵਨਗਰ ਸ਼ਹਿਰ ਵਿੱਚ ਬਕਾਇਦਾ ਚੌਰਾਹੇ ਵਿੱਚ ਬਾਬੇ ਨਾਨਕ ਦੀ ਮੂਰਤੀ ਸਥਾਪਿਤ ਕਰ ਦਿੱਤੀ ਗਈ ਹੈ। ਇਹ ਸਾਰੀ ਕਾਰਵਾਈ ‘ਅੰਮ੍ਰਿਤ-ਵੇਲਾ ਟਰੱਸਟ’ ਦੇ ਰਿੰਕੂ ਮੁੰਬਈ ਵਲੋਂ ਕੀਤੀ ਗਈ ਹੈ। ਇਹ ਸਾਰਾ ਗਰੁਪ ਗੁਜਰਾਤ ਤੋਂ ਹੈ। ਕਹਿੰਦੇ ਹਨ ਕਿ ਅਸੀਂ ਗੁਰੂ ਨਾਨਕ ਦੀ ਪੂਜਾ ਕੀਤੇ ਬਿਨਾਂ ਨਹੀਂ ਰਹਿ ਸਕਦੇ।






## : ਸਿੱਖ ਸਮਾਜ ਵਿੱਚ 'ਗੁਰਮੱਤ-ਅਸੂਲਾਂ ਸਿਧਾਂਤਾਂ ਦੇ ਅਨੁਸਾਰ ਮੂਰਤੀ ਪੂਜਾ ਦੀ ਸਖ਼ਤ ਮਨਾਹੀ ਹੈ। ਫਿਰ ਭੀ ਇਹ ਭਾਰਤ ਦੇਸ਼ ਵਿੱਚ ਗੁਰੂ ਨਾਨਕ ਦੀ ਮੂਰਤੀ ਦੀ ਸਥਾਪਨਾ ਦੀ ਪਹਿਲੀ ਘਟਨਾ ਹੈ। ਮੂਰਤੀਆਂ ਬਨਣ ਬਨਾਉਣ ਦੀਆਂ ਘਟਨਾਵਾਂ ਪਹਿਲਾਂ ਵੀ ਹੁੰਦੀਆਂ ਰਹਿੰਦੀਆਂ ਹਨ, ਪਰ ਮੂਰਤੀ ਸਥਾਪਨਾ ਦਾ ਕਾਰੋਬਾਰ ਇਹ ਪਹਿਲੀ ਬਾਰ ਹੋ ਰਿਹਾ ਹੈ।

** ਜਦ ਸਿੱਖ ਸਮਾਜ ਸੌਂ ਰਿਹਾ ਹੈ ਤਾਂ ਵਿਰੋਧੀ ਧਿਰਾਂ ਨੇ ਤਾਂ ਫਾਇਦਾ ਲੈਣਾ ਹੀ ਹੈ।

** ਜਦ ਕੁੱਤੀ ਹੀ ਚੋਰ ਨਾਲ ਰੱਲ ਜਾਏ ਤਾਂ ਘਰ ਦੀ ਰਾਖੀ ਕੌਣ ਕਰੇਗਾ? ? ? ? ?

** ਇਹੀ ਹਾਲ ਸਾਡੇ ਆਪਣਿਆਂ ਦਾ ਹੈ। ਸੱਭ ਆਪਣੀਆਂ ਯਾਰੀਆਂ ਪੁਗਾ ਰਹੇ ਹਨ।

** ਕਿਸੇ ਨੂੰ ਵੀ ਸਿੱਖੀ ਨਾਲ ਕੋਈ ਵਾਸਤਾ ਨਹੀਂ ਹੈ।

** ਇਸ ਵਿੱਚ ਕਸੂਰਵਾਰ ਸਾਡੀ ਆਪਣੀ ਸਿੱਖ ਜਨਤਾ ਹੈ। ਅਸੀਂ ਆਪ ਹਾਂ।

** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਲ ਨਾਲ ਬਾਕੀ ਦੇ ਮੁੱਖ ਸਿੱਖ-ਅਦਾਰਿਆਂ ਨੂੰ ਅਤੇ ਸਾਰੇ ਤੱਖਤਾਂ ਦੇ ਮੁੱਖ ਸੇਵਾਦਾਰਾਂ ਨੂੰ ਇਸ ਬਾਬੇ ਨਾਨਕ ਦੀ ਮੂਰਤੀ ਸਥਾਪਤੀ ਵਿਰੁਧ ਆਪਣੀ ਆਵਾਜ਼ ਬੁਲੰਦ ਕਰਨੀ ਬਣਦੀ ਹੈ।

** ਅਗਰ ਇਸ ਘਟਨਾ ਨੂੰ ਨਾ ਵੰਗਾਰਿਆ ਗਿਆ ਤਾਂ ਦੇਸ਼ ਭਰ ਵਿੱਚ ਗੁਰੂਆਂ ਦੀਆਂ ਮੂਰਤੀਆਂ ਦੇ ਸਥਾਪਨ ਨੂੰ ਕੋਈ ਨਹੀਂ ਰੋਕ ਪਾਏਗਾ।

** ਸਿੱਖ ਆਪਣੇ ਸਿੱਖੀ ਅਸੂਲਾਂ ਸਿਧਾਂਤਾਂ ਦੀ ਰੱਖਿਆ ਲਈ ਕਦੋਂ ਆਪਣੀ ਆਵਾਜ਼ ਬੁਲੰਦ ਕਰਨਗੇ? ? ?

** ਸਨਾਤਨ ਮੱਤ ਨੇ ਤਾਂ ਤੁਹਾਨੂੰ (ਸਿੱਖਾਂ ਨੂੰ) ਕੇਸਾਧਾਰੀ ਹਿੰਦੂ ਸਾਬਿਤ ਕਰ ਦੇਣਾ ਹੈ, ਕਿਉਕਿ ਸਾਰੇ ਸਿੱਖ ਕਰਮ ਤਾਂ ਹਿੰਦੂਆਂ ਵਾਲੇ ਹੀ ਕਰ ਰਹੇ ਹਨ।

** ਗੁਰੂ ਸਾਹਿਬਾਨਾਂ ਦੀਆਂ ਮੂਰਤੀਆਂ ਦੀ ਸਥਾਪਤੀ, ਆਉਂਣ ਵਾਲੇ ਭਵਿੱਖ ਲਈ ਸਿੱਖਾਂ ਵਾਸਤੇ ਖਤਰੇ ਦੀ ਘੰਟੀ ਹੈ। ਸਿੱਖ ਕੌਮ ਦਾ ਜਾਗਣਾ ਨਿਹਾਇਤ ਹੀ ਜਰੂਰੀ ਹੈ।

** ਸਿੱਖ ਸਮਾਜ ਦੇ ਲੋਕ ਲੀਡਰਾਂ ਉੱਪਰ ਨਿਰਭਰ ਹਨ। ਲੀਡਰ ਆਪਣੀਆਂ ਯਾਰੀਆਂ ਨਿਭਾਉਂਦੇ ਨਜ਼ਰ ਆ ਰਹੇ ਹਨ।

** ਵੈਸੇ ਸੱਚਾਈ ਇਹੀ ਹੈ, ਕਿ ਪੰਜਾਬ ਵਿੱਚ 'ਸਿੱਖੀ' ਸਿੱਖੀ-ਸਿਧਾਂਤਾਂ, ਸਿੱਖੀ ਅਸੂਲਾਂ ਦਾ ਰਾਖਾ ਕੋਈ ਨਹੀਂ ਹੈ। ਸੱਭ ਵਿਖਾਵਾ ਹੀ ਹੈ।

** ਇਹ ਜੋ ਧਾਰਮਿੱਕ ਧੱੜੇ ਹਨ, ਜੱਥੇਬੰਦੀਆਂ ਹਨ, ਜਿਹਨਾਂ ਵਿੱਚ ਟਕਸਾਲੀ, ਡੇਰੇਦਾਰ, ਮਿਸ਼ਨਰੀ, ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਤੱਖਤਾਂ ਦੇ ਜੱਫੇਦਾਰ ਇਹ ਸੱਭ ਆਪਣੇ ਆਪਣੇ ਪ੍ਰੀਵਾਰ, ਮਤਲਭਾਂ, ਸੁਆਰਥਾਂ, ਲਾਲਚਾਂ ਨੂੰ ਸਾਹਮਣੇ ਰੱਖ ਕੇ ਚੱਲ ਰਹੇ ਹਨ। ਸਾਰੇ ਖ਼ੁਦਗਰਜ਼, ਲਾਲਚੀ, ਸੁਆਰਥੀ, ਮਤਲਭੀ, ਬੇਈਮਾਨ ਹਨ।

** ਸਿੱਖ ਸੰਗਤ ਜੀ! ! ਵੇਖ ਲੈਣਾ ਇਹ ਮੁਰਤੀਆਂ ਸਥਾਪਤੀ ਵਾਲਾ ਕਾਂਡ ਇਸੇ ਤਰਾਂ ਹੀ ਅੱਗੇ ਵੱਧਦਾ ਜਾਏਗਾ। ਸਿੱਖਾਂ ਨੂੰ ਆਪਣਾ ਨਿਆਰਾ-ਪਣ ਬਚਾਉਣ ਲਈ ਬਹੁਤ ਹੀ ਜਦੋ-ਜਹਿਦ ਕਰਨੀ ਪੈ ਸਕਦੀ ਹੈ।

** (. . . . . . ਚੱਲਦਾ)

ਇੰਜ ਦਰਸਨ ਸਿੰਘ ਖਾਲਸਾ

ਸਿੱਡਨੀ ਅਸਟਰੇਲੀਆ

31 ਮਈ 2019